ਮਿੰਨੀ ਸਕੱਤਰੇਤ ਦੀ ਕੰਪਿਊਟਰ ਦੀ ਸਾਂਭ ਸੰਭਾਲ ਲਈ ਲਿੱਤੇ ਜਾ ਰਹੇ ਟੈਂਡਰਾਂ ਸਬੰਧੀ ਸ਼ਰਤਾਂ।

1) ਟੈਂਡਰਕਾਰ ਵੱਲੋਂ ਸਕਿਓਰਟੀ/ਬਿਆਨਾ ਦੀ ਰਕਮ ਡਰਾਫਟ ਦੇ ਰੂਪ ਵਿੱਚ ਜਮ੍ਹਾਂ ਕਰਵਾਈ ਜਾਵੇਗੀ ਜੋ ਕਿ ਡਿਪਟੀ ਕਮਿਸ਼ਨਰ ਪਟਿਆਲਾ ਦੇ ਨਾਮ ਤੇ ਹੋਵੇਗਾ ਅਤੇ ਇਸਦੇ ਨਾਲ ਟੈਂਡਰਕਾਰ ਨੂੰ ਆਪਣੀ ਚੱਲ/ਅਚੱਲ ਜਾਇਦਾਦ ਸਬੰਧੀ ਪੁਖਤਾ ਸਬੂਤ, ਰਿਹਾਇਸ਼ ਦਾ ਸਬੂਤ (ਰਾਸ਼ਨ ਕਾਰਡ / ਵੋਟਰ ਕਾਰਡ/ ਆਧਾਰ ਕਾਰਡ) ਨਾਲ ਸ਼ਾਮਲ ਕਰਨਾ ਹੋਵੇਗਾ।

2) ਟੈਂਡਰਕਾਰ ਵੱਲੋਂ ਆਪਣੀ ਅਤੇ ਵਰਕਰਾਂ ਦੀ ਪੁਲਿਸ ਵਿਭਾਗ ਤੋਂ ਚਾਲ-ਚਲਣ ਸਬੰਧੀ ਸਰਟੀਫਿਕੇਟ ਪੇਸ਼ ਕਰਨਾ ਹੋਵੇਗਾ।

3) ਟੈਂਡਰਕਾਰ ਵੱਲੋਂ ਸ਼ਰਤਾਂ ਪ੍ਰਵਾਨ ਕਰਦੇ ਹੋਏ ਸਬੰਧੀ ਟੈਂਡਰ ਭਰਿਆ ਜਾਵੇਗਾ। ਜੇਕਰ ਪਹਿਲੇ ਟੈਂਡਰਕਾਰ (lowest bidder) ਵੱਲੋਂ ਇਹ ਠੇਕਾ ਨਹੀਂ ਲਿੱਤਾ ਜਾਂਦਾ ਤਾਂ ਉਸਦੀ ਸਕਿਓਰਟੀ ਜਬਤ ਕਰਕੇ ਉਸ ਤੋਂ ਅਗਲੇ ਵਾਲੇ ਟੈਂਡਰ ਕਾਰ ਨੂੰ ਠੇਕਾ ਦਿੱਤਾ ਜਾਵੇਗਾ। ਜੇਕਰ ਦੂਸਰੇ ਟੈਂਡਰਕਾਰ ਵੱਲੋਂ ਵੀ ਆਪਣੀ ਸਹਿਮਤੀ ਦੇਣ ਉਪਰੰਤ ਠੇਕਾ ਲੈ ਕੇ ਠੇਕੇ ਦੀ ਰਕਮ ਨਹੀਂ ਭਰੀ ਜਾਂਦੀ ਤਾਂ ਉਸਦੀ ਸਕਿਓਰਟੀ ਜਬਤ ਕਰਕੇ ਉਸਤੋਂ ਅਗਲੇ ਟੈਂਡਰਕਾਰ ਨੂੰ ਦਿੱਤਾ ਜਾਵੇਗਾ ਅਤੇ ਜੇਕਰ ਤੀਸਰੇ ਟੈਂਡਰਕਾਰ ਵੱਲੋਂ ਵੀ ਆਪਣੀ ਸਹਿਮਤੀ ਦੇਣ ਉਪਰੰਤ ਠੇਕਾ ਲੈ ਕੇ ਠੇਕੇ ਦੀ ਰਕਮ ਨਹੀਂ ਭਰੀ ਜਾਂਦੀ ਤਾਂ ਉਸਦੀ ਸਕਿਓਰਟੀ ਜਬਤ ਕਰਕੇ ਟੈਂਡਰ ਕੈਂਸਲ ਕੀਤਾ ਜਾਵੇਗਾ।

4) ਦਫਤਰ ਵਿਖੇ ਪ੍ਰਿੰਟਰਾਂ ਦੇ ਟੋਨਰਾਂ ਲਈ ਵੱਧ ਤੋਂ ਵੱਧ ਰੇਟ 250/- ਅਤੇ ਡਰੰਮ ਚੇਜ਼ 200/- ਚਾਰਜ਼ ਕਰਨਾ ਹੋਵੇਗਾ।

5) ਟੋਨਰ ਰੀਫੀਲਿੰਗ ਵਧੀਆ ਕੁਆਲਟੀ ਦੀ (ਆਈ.ਐਸ.ਆਈ ਮਾਰਕਾ) ਇਸਤਮਾਲ ਕੀਤੀ ਜਾਵੇਗੀ।

6) ਦਫਤਰੀ ਹਾਰਡਵੇਅਰ / ਕੰਪਿਊਟਰ ਦੀ ਮਾਮੂਲੀ ਮੈਨਟੇਨਸ ਨੂੰ ਛੱਡ ਕੇ ਜੇਕਰ ਕੋਈ ਹੜ ਮੁਰੰਮਤ ਕੀਤੀ ਜਾਂਦੀ ਹੈ, ਸਿਰਫ ਉਸੇ ਦੇ ਹੀ ਪੈਸੇ ਚਾਰਜ਼ ਕੀਤੇ ਜਾਣਗੇ।

7) ਦਫਤਰੀ ਕੰਪਿਊਟਰ ਦੀ ਵਿੰਡੋ ਇੰਨਸਟਾਲ ਲਈ ਵੱਧ ਤੋਂ ਵੱਧ 300/- ਰੁ. ਚਾਰਜ਼ ਕੀਤੇ ਜਾਣਗੇ ਅਤੇ ਇਹ ਵਧੀਆ ਕਿਸਮ ਦੀ ਇੰਨਸਟਾਲ ਕੀਤੀ ਜਾਵੇਗੀ।

8) ਕੰਪਿਊਟਰ ਠੇਕੇਦਾਰ ਵੱਲੋਂ ਜੋ ਵੀ ਸਮਾਨ ਦੀ ਰਿਪੇਅਰ, ਰੀਫੀਲਿੰਗ ਜਾ ਕੁੱਝ ਹੋਰ ਕੀਤਾ ਜਾਵੇਗਾ ਉੱਥੇ ਉਹ ਆਪਣੀ ਫਰਮ ਦਾ ਸਟੀਕਰ ਮਿਤੀ ਪਾ ਕੇ ਚਿਪਕਾ ਕੇ ਜਾਵੇਗਾ।

9) ਕੰਪਿਊਟਰ ਠੇਕੇਦਾਰ ਵੱਲੋਂ ਅਚਨਚੇਤ ਕੰਮ ਦੀ ਸੂਰਤ ਵਿੱਚ ਜਦੋਂ ਵੀ ਦਫਤਰ ਵਿੱਚ ਬੁਲਾਇਆ ਜਾਵੇਗਾ ਤਾਂ ਉਹ ਤੁਰੰਤ ਜਾਂ ਆਪਣੇ ਵਰਕਰ ਨੂੰ ਮੌਕੇ ਤੇ ਭੇਜੇਗਾ ਅਤੇ ਕੰਪਲੇਂਟ ਉਸੇ ਦਿਨ ਅਟੈਂਡ ਕਰਨੀ ਯਕੀਨੀ ਬਣਾਏਗਾ। ਆਮ ਹਾਲਾਤ ਵਿੱਚ ਕੰਪਲੇਂਟ ਵੱਧ ਤੋਂ ਵੱਧ 24 ਘੰਟੇ ਅੰਦਰ ਅਟੈਂਡ ਕੀਤੀ ਜਾਵੇਗੀ। ਦੇਰੀ ਦੀ ਸੂਰਤ ਵਿੱਚ ਵੱਖ-ਵੱਖ ਆਈਟਮਾਂ ਦੇ ਟੈਂਡਰ ਅਨੁਸਾਰ ਦਿੱਤੇ ਜਾਣ ਵਾਲੇ ਰੇਟ / ਬਿੱਲ ਤੇ 25% ਦੀ ਕਟੌਤੀ ਕੀਤੀ ਜਾਵੇਗੀ ਅਤੇ ਜੇਕਰ 3 ਵਾਰ ਕੰਪਲੇਂਟ ਅਟੈਂਡ ਕਰਨ ਵਿੱਚ ਦੇਰੀ ਕੀਤੀ ਜਾਂਦੀ ਹੈ ਤਾਂ ਸਕਿਓਰਟੀ ਜ਼ਬਤ ਕਰਕੇ ਠੇਕਾ ਕੈਂਸਲ ਕਰ ਦਿੱਤਾ ਜਾਵੇਗਾ।

10) ਹਾਰਡਵੇਅਰ ਨਾਲ ਸਬੰਧਤ ਕਿਸੇ ਵੀ ਪ੍ਰਕਾਰ ਦੀ ਅਸੈਸਰੀ ਦੀ ਜਿੰਮੇਵਾਰੀ ਕੰਪਿਊਟਰ ਦੇ ਠੇਕੇਦਾਰ ਦੀ ਹੋਵੇਗੀ ਜੋਂ ਕਿ ਘੱਟੋ-ਘੱਟ ਰੇਟ ਤੇ ਪ੍ਰਾਪਤ ਕਰਕੇ ਇਸ ਦਫਤਰ ਨੂੰ ਦੇਵੇਗਾ।

11) ਕਿਸੇ ਵੀ ਪ੍ਰਕਾਰ ਦੇ ਹੋਣ ਵਾਲੇ ਜਾਨੀ ਅਤੇ ਮਾਲੀ ਨੁਕਸਾਨ ਦਾ ਠੇਕੇਦਾਰ ਖੁਦ ਜਿੰਮੇਵਾਰੀ ਹੋਵੇਗਾ।

12) ਕੰਪਿਊਟਰ ਦੇ ਠੇਕੇਦਾਰ ਵੱਲੋਂ ਕਿਸੇ ਵੀ ਬਾਹਰਲੇ ਵਿਅਕਤੀ, ਆਪਣੇ ਰੱਖੇ ਕਰਿੰਦੇ ਜਾਂ ਇਸ ਤੋਂ ਇਲਾਵਾ ਕਿਸੇ ਨਾਲ ਕਿਸੇ ਵੀ ਪ੍ਰਕਾਰ ਦਾ ਝਗੜਾ ਨਹੀਂ ਕੀਤਾ ਜਾਵੇਗਾ। ਜੇਕਰ ਅਜਿਹਾ ਝਗੜਾ ਕੀਤਾ ਜਾਂਦਾ ਹੈ ਜਾਂ ਉਸ ਵੱਲੋਂ ਆਪਣੇ ਰੱਖੇ ਕਰਿੰਦਿਆ ਨੂੰ ਵੇਜ਼ਿਜ਼ ਆਦਿ ਨਹੀਂ ਦਿੱਤੇ ਜਾਂਦੇ ਤਾਂ ਇਸ ਸਬੰਧੀ ਹਰੇਕ ਪੱਖ ਤੋਂ ਜਿਵੇਂ ਕਿ ਕੋਈ ਕੋਰਟ ਕੇਸ, ਪੁਲਿਸ ਕੇਸ ਆਦਿ ਸਬੰਧੀ ਠੇਕੇਦਾਰ ਜਿੰਮੇਵਾਰ ਹੋਵੇਗਾ।

13) ਡਿਪਟੀ ਕਮਿਸ਼ਨਰ ਪਟਿਆਲਾ ਨੂੰ ਕਿਸੇ ਵੀ ਸਮੇਂ ਬਿਨਾਂ ਕਾਰਨ ਦੱਸੇ ਟੈਂਡਰ ਰੱਦ ਕਰਨ ਦਾ ਪੂਰਾ ਅਧਿਕਾਰ ਹੋਵੇਗਾ।

ਵਾ. ਡਿਪਟੀ ਕਮਿਸ਼ਨਰ,
ਪਟਿਆਲਾ।